ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 27 ਦਸੰਬਰ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਸ਼ਹੀਦ ਊਧਮ ਸਿੰਘ ਦੇ '126ਵੇਂ ਜਨਮ ਦਿਨ ਮੌਕੇ ਕੀਤਾ ਗਿਆ ਯਾਦ'

ਸ਼ਹੀਦ ਊਧਮ ਸਿੰਘ ਜੀ ਦੇ ਆਜ਼ਾਦੀ ਸੰਗਰਾਮ 'ਚ ਸੰਘਰਸ਼ਮਈ ਜੀਵਨ ਤੋਂ ਪ੍ਰੇਰਨਾ ਲੈਣ ਦੀ ਲੋੜ : ਜਸਵੰਤ ਸਿੰਘ ਚੀਫ਼ ਮੈਨੇਜਰ

ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਵੱਲੋਂ ਜ਼ਿਲ੍ਹੇ ਦੇ 8 ਅਧਿਆਪਕ ਸਨਮਾਨਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 27 ਦਸੰਬਰ : ਅੱਜ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਪੁਰਾਣਾ ਸ਼ਹਿਰ ਵਿਖੇ ਸ਼ਹੀਦ ਊਧਮ ਸਿੰਘ ਜੀ ਦੇ 126ਵੇਂ ਜਨਮਦਿਨ ਮੌਕੇ ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਕੋਟਕਪੂਰਾ ਵੱਲੋਂ ਵਿਚਾਰ ਗੋਸ਼ਟੀ ਕਰਵਾਈ ਗਈ। ਸਮਾਗਮ ਦੇ ਮੁੱਖ ਮਹਿਮਾਨ ਜਸਵੰਤ ਸਿੰਘ ਸੇਵਾਮੁਕਤ ਚੀਫ਼ ਮੈਨੇਜਰ ਸਟੇਟ ਬੈਂਕ ਆਫ, ਚੰਡੀਗੜ੍ਹ ਨੇ ਆਪਣੇ ਸੰਬੋਧਨ ਵਿੱਚ ਸ਼ਹੀਦ ਊਧਮ ਸਿੰਘ ਜੀ ਵੱਲੋਂ ਭਾਰਤ ਦੇਸ਼ ਦੀ ਆਜ਼ਾਦੀ ਲਈ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਤੋਂ ਅੱਜ ਦੀ ਨੌਜਵਾਨ ਪੀੜੀ ਨੂੰ ਪ੍ਰੇਰਨਾ ਲੈਣ ਦੀ ਲੋੜ 'ਤੇ ਜੋਰ ਦਿੱਤਾ। ਉਹਨਾਂ ਕਿਹਾ ਕਿ ਇਹਨਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸਮਾਗਮ ਦੌਰਾਨ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਕੌਸ਼ਲ ਨੇ ਸ਼ਹੀਦ ਊਧਮ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਊਧਮ ਸਿੰਘ ਨੇ ਆਪਣੀ ਬਾਂਹ 'ਤੇ ਮੁਹੰਮਦ ਸਿੰਘ ਆਜ਼ਾਦ ਉਕਰਾਕੇ ਆਪਣੀ ਧਰਮ ਨਿਰਪੱਖਤਾ ਵਾਲੀ ਸੋਚ ਦਾ ਬਹੁਤ ਵੱਡਾ ਸਬੂਤ ਦਿੱਤਾ ਸੀ। ਉਹਨਾਂ ਆਪਣੇ ਸੰਬੋਧਨ ਵਿੱਚ ਇਹ ਵੀ ਅਫਸੋਸ ਪ੍ਰਗਟ ਕੀਤਾ ਕਿ ਸਾਡੇ ਦੇਸ਼ ਦੇ ਮੌਜੂਦਾ ਹਾਕਮ ਸਾਡਾ ਸਦੀਆਂ ਤੋਂ ਚੱਲਿਆ ਆ ਰਿਹਾ ਸਾਡਾ ਸਾਂਝਾ ਭਾਈਚਾਰਾ ਤੋੜਨ ਦੀਆਂ ਕੋਝੀਆਂ ਕੋਸ਼ਿਸ਼ਾਂ ਕਰ ਰਹੇ ਹਨ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਡਾ. ਮਨਜੀਤ ਸਿੰਘ ਢਿੱਲੋ ਚੇਅਰਮੈਨ ਬਾਬਾ ਫਰੀਦ ਗੁਰੂਕੁਲ ਗਰੁੱਪ ਆਫ ਕਾਲਜਿਜ਼ ਕੋਟਕਪੂਰਾ ਨੇ ਸੁਸਾਇਟੀ ਵੱਲੋਂ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਦੀ ਬਿਹਤਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਆਪਣੇ ਵੱਲੋਂ 10 ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਦੌਰਾਨ ਸਨਮਾਨਿਤ ਕਰਨ ਦਾ ਐਲਾਨ ਕੀਤਾ। ਸਮਾਗਮ ਦੌਰਾਨ ਜ਼ਿਲ੍ਹਾ ਫਰੀਦਕੋਟ ਦੇ 2 ਸਕੂਲ ਮੁਖੀਆਂ ਸਮੇਤ ਵੱਖ-ਵੱਖ ਵਰਗਾਂ ਦੇ 8 ਅਧਿਆਪਕ ਸਨਮਾਨਿਤ ਕੀਤੇ ਗਏ। ਜਿੰਨ੍ਹਾਂ ਵਿੱਚ ਮੈਡਮ ਕੁਲਵਿੰਦਰ ਕੌਰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਰਾ, ਹਰਸਿਮਰਨਜੀਤ ਕੌਰ ਮੁੱਖ ਅਧਿਆਪਕਾ ਸਰਕਾਰੀ ਹਾਈ ਸਕੂਲ ਬੀੜ ਸਿੱਖਾਂਵਾਲਾ, ਰੁਪਿੰਦਰਜੀਤ ਸਿੰਘ ਲੈਕਚਰਾਰ ਅੰਗਰੇਜ਼ੀ, ਡਾ. ਹਰੀ ਸਿੰਘ ਸੇਵਕ ਸਕੂਲ ਆਫ ਐਮੀਨੈਂਸ ਕੋਟਕਪੂਰਾ, ਅਮੋਲਕ ਸਿੰਘ ਸਿੱਧੂ ਸਮਾਜਿਕ ਸਿੱਖਿਆ ਮਾਸਟਰ ਸਰਕਾਰੀ ਮਿਡਲ ਸਕੂਲ ਰਣ ਸਿੰਘ ਵਾਲਾ, ਅਮਨਦੀਪ ਕੌਰ ਮੈਥ ਮਿਸਟਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਜਾਕੀ ਕਲਾਂ, ਪਰਮਿੰਦਰ ਕੌਰ ਸਾਇੰਸ ਮਿਸਟਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੀਕਲਾਂ, ਸਤਵਿੰਦਰ ਸਿੰਘ ਈ.ਟੀ.ਟੀ. ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਦੁਆਰੇਆਣਾ ਅਤੇ ਰਾਕੇਸ਼ ਕੁਮਾਰ ਈ.ਟੀ.ਟੀ. ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਰੋਜ਼ੀਕਪੂਰਾ ਬਲਾਕ ਜੈਤੋ ਨੂੰ ਸੁਸਾਇਟੀ ਵੱਲੋਂ ਸ਼ਾਨਦਾਰ ਯਾਦਗਾਰੀ ਚਿੰਨ੍ਹ, ਲੋਈ/ਸਾਲ ਅਤੇ ਬਹੁਤ ਵਧੀਆ ਡਾਇਰੀ ਦੇ ਕੇ ਸਨਮਾਨਿਤ ਕੀਤਾ ਗਿਆ। ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੇਮ ਚਾਵਲਾ ਨੇ ਸਨਮਾਨਿਤ ਕੀਤੇ ਜਾ ਰਹੇ ਸਕੂਲ ਮੁਖੀਆਂ ਅਤੇ ਅਧਿਆਪਕਾਂ ਦੀਆਂ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਗਈਆਂ ਪ੍ਰਾਪਤੀਆਂ ਤੋਂ ਸਮੂਹ ਹਾਜ਼ਰੀਨ ਨੂੰ ਜਾਣੂ ਕਰਵਾਇਆ। ਸਮਾਗਮ ਦੌਰਾਨ ਸੁਸਾਇਟੀ ਦੇ ਮੁੱਖ ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ, ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ, ਵਿੱਤ ਸਕੱਤਰ ਸੋਮਨਾਥ ਅਰੋੜਾ ਅਤੇ ਪ੍ਰੋਫੈਸਰ ਹਰਬੰਸ ਸਿੰਘ ਪਦਮ ਵਲੋਂ ਆਪੇ-ਆਪਣੇ ਵਿਚਾਰ ਪੇਸ਼ ਕੀਤੇ ਗਏ। ਸੁਸਾਇਟੀ ਦੇ ਅਹੁਦੇਦਾਰ ਮੁਖਤਿਆਰ ਸਿੰਘ ਮੱਤਾ ਨੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਅਤੇ ਸਰਹੰਦ ਦੀਆਂ ਨੀਂਹਾਂ ਵਿੱਚ ਸ਼ਹੀਦ ਕੀਤੇ ਗਏ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੀਆਂ ਕੁਰਬਾਨੀਆਂ ਭਰੇ ਸਿੱਖ ਇਤਿਹਾਸ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਮਹਿਮਾਨ ਜਸਵੰਤ ਸਿੰਘ ਦੀ ਜੀਵਨ ਸਾਥਣ ਮੈਡਮ ਮਨਜੀਤ ਕੌਰ, ਸੇਵਾਮੁਕਤ ਪ੍ਰਿੰਸੀਪਲ ਸੰਦੀਪ ਕੌਰ ਔਲਖ, ਰਾਜਪਾਲ ਕੌਰ, ਕਰਮਜੀਤ ਸਿੰਘ ਸਰਾਂਹਾਂ ਲੈਕਚਰਾਰ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਗੁਰਚਰਨ ਸਿੰਘ ਮਾਨ, ਹਰਦੀਪ ਸਿੰਘ ਫਿੱਡੂ ਭਲਵਾਨ, ਹਰਨੇਕ ਸਿੰਘ ਸਾਹੋਕੇ, ਨਾਹਰ ਸਿੰਘ ਗਿੱਲ, ਸੁਖਮੰਦਰ ਸਿੰਘ ਰਾਮਸਰ, ਮੇਜਰ ਸਿੰਘ ਡੀ.ਪੀ.ਈ., ਗੁਰਮੀਤ ਸਿੰਘ ਮੀਤਾ ਪੱਤਰਕਾਰ, ਰਜਿੰਦਰ ਸਿੰਘ ਡੇਡ, ਮਦਨ ਲਾਲ ਸ਼ਰਮਾ ਸੰਧਵਾਂ, ਬਲਵਿੰਦਰ ਸਿੰਘ ਸਿੱਧੂ ਅਤੇ ਮਲਕੀਤ ਸਿੰਘ ਢਿੱਲਵਾਂ ਕਲਾਂ ਆਦਿ ਵੀ ਹਾਜ਼ਰ ਸਨ।

ਸੰਗਰੂਰ ਦੇ ਇੱਕ ਛੋਟੇ ਜਿਹੇ ਪਿੰਡ ਦੀ ਰਹਿਣ ਵਾਲੀ ਅੰਮ੍ਰਿਤ ਕੌਰ ਦੀ ਕਹਾਣੀ

ਜੇ ਹੱਥਾਂ ਵਿੱਚ ਮਿਹਨਤ ਦੀ ਲਕੀਰ ਅਤੇ ਮਨ ਵਿੱਚ ਜਿੱਤਣ ਦਾ ਜਜ਼ਬਾ ਹੋਵੇ, ਤਾਂ .....

ਵਰਲਡ ਪੰਜਾਬੀ ਟਾਈਮਜ਼

ਸੰਗਰੂਰ 27 ਦਸੰਬਰ ਇਹ ਗੱਲ ਹੈ ਸੰਗਰੂਰ ਦੇ ਇੱਕ ਛੋਟੇ ਜਿਹੇ ਪਿੰਡ ਦੀ ਰਹਿਣ ਵਾਲੀ ਅੰਮ੍ਰਿਤ ਕੌਰ ਦੀ, ਜਿਸ ਨੇ ਸਾਬਤ ਕਰ ਦਿੱਤਾ ਕਿ ਜੇ ਹੱਥਾਂ ਵਿੱਚ ਮਿਹਨਤ ਦੀ ਲਕੀਰ ਅਤੇ ਮਨ ਵਿੱਚ ਜਿੱਤਣ ਦਾ ਜਜ਼ਬਾ ਹੋਵੇ, ਤਾਂ ਦੁਨੀਆ ਦਾ ਕੋਈ ਵੀ ਕੋਨਾ ਤੁਹਾਡਾ ਸੁਆਗਤ ਕਰਦਾ ਹੈ। ਅੰਮ੍ਰਿਤ ਦੇ ਪਿਤਾ ਇੱਕ ਸਾਧਾਰਨ ਕਿਸਾਨ ਸਨ। ਜਦੋਂ ਅੰਮ੍ਰਿਤ ਨੇ ਕੈਨੇਡਾ ਜਾ ਕੇ ਪੜ੍ਹਾਈ ਕਰਨ ਦੀ ਇੱਛਾ ਜਤਾਈ, ਤਾਂ ਪਰਿਵਾਰ ਕੋਲ ਪੈਸੇ ਨਹੀਂ ਸਨ। ਪਰ ਉਸ ਦੇ ਪਿਤਾ ਨੇ ਆਪਣੀ ਜ਼ਮੀਨ ਦਾ ਇੱਕ ਹਿੱਸਾ ਗਹਿਣੇ ਰੱਖ ਕੇ ਆਪਣੀ ਧੀ ਨੂੰ ਵੈਨਕੂਵਰ (Vancouver) ਭੇਜਿਆ। ਅੰਮ੍ਰਿਤ ਜਦੋਂ ਹਵਾਈ ਜਹਾਜ਼ ਵਿੱਚ ਬੈਠੀ ਸੀ, ਤਾਂ ਉਸ ਦੀਆਂ ਅੱਖਾਂ ਵਿੱਚ ਹੰਝੂ ਸਨ ਅਤੇ ਮਨ ਵਿੱਚ ਇੱਕੋ ਗੱਲ— "ਮੈਂ ਆਪਣੇ ਬਾਪ ਦੀ ਪੱਗ ਨੂੰ ਦਾਗ ਨਹੀਂ ਲੱਗਣ ਦੇਵਾਂਗੀ।"

ਕੈਨੇਡਾ ਪਹੁੰਚ ਕੇ ਅੰਮ੍ਰਿਤ ਨੇ ਬਹੁਤ ਔਖੇ ਦਿਨ ਦੇਖੇ। ਉਹ ਸਵੇਰੇ ਯੂਨੀਵਰਸਿਟੀ ਜਾਂਦੀ ਅਤੇ ਸ਼ਾਮ ਨੂੰ ਇੱਕ ਕਾਫੀ ਸ਼ਾਪ (Tim Hortons) 'ਤੇ ਕੰਮ ਕਰਦੀ। ਕਈ ਵਾਰ ਅਜਿਹਾ ਹੁੰਦਾ ਕਿ ਰਾਤ ਨੂੰ ਘਰ ਪਰਤਦੇ ਸਮੇਂ ਬੱਸ ਨਾ ਮਿਲਦੀ ਅਤੇ ਉਹ ਕਈ ਕਿਲੋਮੀਟਰ ਬਰਫ ਵਿੱਚ ਪੈਦਲ ਚੱਲ ਕੇ ਪਹੁੰਚਦੀ। ਪਰ ਉਸ ਨੇ ਕਦੇ ਵੀ ਆਪਣੇ ਘਰ ਫੋਨ ਕਰਕੇ ਇਹ ਨਹੀਂ ਕਿਹਾ ਕਿ ਉਹ ਦੁਖੀ ਹੈ; ਉਹ ਹਮੇਸ਼ਾ ਹੱਸ ਕੇ ਕਹਿੰਦੀ, "ਬਾਪੂ, ਮੈਂ ਬਹੁਤ ਖੁਸ਼ ਹਾਂ।"

ਅੰਮ੍ਰਿਤ ਕੰਪਿਊਟਰ ਸਾਇੰਸ ਦੀ ਪੜ੍ਹਾਈ ਕਰ ਰਹੀ ਸੀ। ਉਸ ਨੇ ਆਪਣੀ ਮਿਹਨਤ ਸਦਕਾ ਇੱਕ ਅਜਿਹਾ Software App ਤਿਆਰ ਕੀਤਾ ਜੋ ਦੁਨੀਆ ਭਰ ਦੇ ਕਿਸਾਨਾਂ ਨੂੰ ਫਸਲਾਂ ਦੀਆਂ ਬਿਮਾਰੀਆਂ ਬਾਰੇ ਪਹਿਲਾਂ ਹੀ ਜਾਣਕਾਰੀ ਦੇ ਦਿੰਦਾ ਸੀ। ਉਸ ਦੀ ਇਹ ਕਾਢ (Innovation) ਕੈਨੇਡਾ ਦੀਆਂ ਵੱਡੀਆਂ ਟੈਕਨਾਲੋਜੀ ਕੰਪਨੀਆਂ ਦੀ ਨਜ਼ਰ ਵਿੱਚ ਆ ਗਈ।

ਅੱਜ ਅੰਮ੍ਰਿਤ ਕੌਰ ਟੋਰਾਂਟੋ ਦੀ ਇੱਕ ਬਹੁਤ ਵੱਡੀ ਟੈਕ-ਕੰਪਨੀ ਵਿੱਚ Senior Director ਦੇ ਅਹੁਦੇ 'ਤੇ ਹੈ। ਉਸ ਦੀ ਸਫਲਤਾ ਇੰਨੀ ਵੱਡੀ ਸੀ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਉਸ ਨੂੰ ਖੁਦ ਸੱਦਾ ਦੇ ਕੇ "Young Innovator Award" ਨਾਲ ਸਨਮਾਨਿਤ ਕੀਤਾ।

ਜਦੋਂ ਸਟੇਜ 'ਤੇ ਅੰਮ੍ਰਿਤ ਦਾ ਨਾਮ ਲਿਆ ਗਿਆ, ਤਾਂ ਉਹ ਸਿਰ 'ਤੇ ਦੁਪੱਟਾ ਅਤੇ ਗਲੇ ਵਿੱਚ ਖੰਡੇ ਵਾਲਾ ਲਾਕੇਟ ਪਾ ਕੇ ਸਟੇਜ 'ਤੇ ਚੜ੍ਹੀ। ਉਸ ਨੇ ਆਪਣੀ ਭਾਸ਼ਣ ਦੀ ਸ਼ੁਰੂਆਤ "ਸਤਿ ਸ੍ਰੀ ਅਕਾਲ" ਨਾਲ ਕੀਤੀ। ਉਸ ਦੇ ਪਿਤਾ, ਜੋ ਪਿੰਡ ਤੋਂ ਖਾਸ ਤੌਰ 'ਤੇ ਉੱਥੇ ਪਹੁੰਚੇ ਸਨ, ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਸਨ।

ਅੰਮ੍ਰਿਤ ਸਿਰਫ ਆਪ ਹੀ ਸਫਲ ਨਹੀਂ ਹੋਈ, ਉਸ ਨੇ, ਪੰਜਾਬ ਦੇ 50 ਤੋਂ ਵੱਧ ਪਿੰਡਾਂ ਵਿੱਚ ਕੁੜੀਆਂ ਦੀ ਪੜ੍ਹਾਈ ਲਈ ਫੰਡ ਸ਼ੁਰੂ ਕੀਤੇ।
ਉਹ ਹਰ ਐਤਵਾਰ ਗੁਰਦੁਆਰਾ ਸਾਹਿਬ ਵਿੱਚ ਲੰਗਰ ਦੀ ਸੇਵਾ ਕਰਦੀ ਹੈ, ਤਾਂ ਜੋ ਉਸ ਨੂੰ ਯਾਦ ਰਹੇ ਕਿ ਉਸ ਦੀਆਂ ਜੜ੍ਹਾਂ ਕਿੱਥੇ ਹਨ।

ਅੰਮ੍ਰਿਤ ਦੀ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਸਫਲਤਾ ਸਿਰਫ ਪੈਸਾ ਕਮਾਉਣ ਦਾ ਨਾਮ ਨਹੀਂ ਹੈ, ਬਲਕਿ ਆਪਣੇ ਵਿਰਸੇ ਨੂੰ ਨਾਲ ਲੈ ਕੇ ਦੁਨੀਆ ਵਿੱਚ ਆਪਣੀ ਪਹਿਚਾਣ ਬਣਾਉਣ ਦਾ ਨਾਮ ਹੈ। ਹਰ ਪੰਜਾਬੀ ਮਾਂ-ਬਾਪ ਅੱਜ ਅੰਮ੍ਰਿਤ ਵਰਗੀ ਧੀ ਚਾਹੁੰਦਾ ਹੈ।

ਲਹਿਰ, ਗਦਰ; ਗੁਲਾਬ

ਵਰਲਡ ਪੰਜਾਬੀ ਟਾਈਮਜ਼
ਅਰੂੜੀ ਸਿੰਘ

ਸਮੁੰਦਰ 'ਚੋਂ ਉਠਦੀ ਲਹਿਰ ਨਹੀਂ ਜਾਣਦੀ, ਓਹਨੇ ਕੰਢੇ ਨਾਲ ਟਕਰਾਕੇ ਮੁੜ ਆਉਣਾ ਏ; ਮੁੜ ਪਾਣੀ 'ਚ ਸਮਾ ਜਾਣਾ ਏ। ਜਾਣਦੀ ਹੁੰਦੀ ਤਾਂ ਵੀ ਉਠਦੀ। ਲਹਿਰ ਜਾਣਦੀ ਏ, ਓਹਨੇ ਉੱਠਣਾ ਈ ਉੱਠਣਾ ਏ; ਸਮੁੰਦਰ ਨੂੰ ਜਗਾਉਣਾ ਈ ਜਗਾਉਣਾ ਏ। ਲਹਿਰ ਉਠਦੀ ਏ। ਸਮੁੰਦਰ ਨੂੰ ਜਗਾਉਂਦੀ ਏ। ਪਾਣੀ ਨੂੰ ਜੀਵਾਉਂਦੀ ਏ। ਕਦੇ ਕਦੇ ਕੰਢੇ ਢਾਹੁੰਦੀ ਵੀ ਏ। ਕੰਢਿਓਂ ਪਾਰ ਵੀ ਜਾਂਦੀ ਏ। ਕੰਢਿਓਂ ਮੁਕਤ ਵੀ ਹੁੰਦੀ ਏ!
ਲਹਿਰ ਪਾਣੀ 'ਚੋਂ ਉਠਦੀ ਏ। ਹਵਾ 'ਚੋਂ ਉਠਦੀ ਏ। ਮਨ 'ਚੋਂ ਉਠਦੀ ਏ। ਲਹਿਰ ਧਰਤ ਤੋਂ ਉਠਦੀ ਏ। ਰਾਜ-ਸਮਾਜ-ਸਭਿਅਤ 'ਚੋਂ ਉਠਦੀ ਏ। ਸਾਹਿਤ, ਕਲਾ; ਗਿਆਨ 'ਚੋਂ ਉਪਜਦੀ ਏ।
ਧਰਤ ਦਬਾਇਆਂ ਦਬਦੀ ਨਹੀਂ। ਜੇ ਇਕ ਥਾਂ ਤੋਂ ਦਬਦੀ ਏ ਤਾਂ ਦੂਜੀ ਥਾਂ ਤੋਂ ਦੁੱਗਣੀ ਹੋ ਕੇ ਉਭਰਦੀ ਏ। ਭਾਰਤ ਦੀ ਧਰਤ 'ਤੇ ਗੋਰਿਆਂ ਪੈਰ ਧਰਿਆ। ਧਰਤ ਨੇ ਕੁਝ ਨਾ ਆਖਿਆ। ਗੋਰਿਆਂ ਧਰਤ ਨੂੰ ਦਬਾਇਆ। ਧਰਤ ਉੱਭਰੀ। ਥਾਂ ਥਾਂ ਤੋਂ ਉੱਭਰੀ। ਸ਼ਾਹ ਮੁਹੰਮਦ ਦੇ ਆਖਣ ਖੁਣੋਂ:
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜਾਤ ਆਈ...

ਜਦੋਂ ਪੰਜਾਬ ਦੀ ਧਰਤ ਨੂੰ ਤੀਸਰੀ ਜਾਤ ਨੇ ਦਬਾਇਆ ਤਾਂ ਓਹ ਤੜਪੀ, ਪੁਕਾਰੀ; ਉੱਭਰੀ। ਥਾਂ ਥਾਂ ਤੋਂ ਲਹਿਰ ਉੱਠੀ। ਚੇਤਨਾ ਦੀ ਲਹਿਰ। ਕੋਈ ਕਿਸੇ ਨਾਂ 'ਤੇ। ਕੋਈ ਕਿਸੇ ਨਾਂ ਦੀ। ਮਕਸਦ ਹਰ ਲਹਿਰ ਦਾ ਇਕੋ: ਆਜ਼ਾਦੀ, ਪੂਰੀ ਆਜ਼ਾਦੀ; ਧਰਤ ਦੀ ਆਜ਼ਾਦੀ। ਇਹਨਾਂ ਵਿਚੋਂ ਈ ਇਕ ਲਹਿਰ ਉੱਠੀ: ਗਦਰ-ਲਹਿਰ। ਗਦਰ ਈ ਮਚਾ ਦਿੱਤਾ ਏਸ ਲਹਿਰ ਨੇ। ਗੋਰਿਆਂ ਨੂੰ ਭਾਜੜਾਂ ਪਾ ਦਿੱਤੀਆਂ ਏਸ ਲਹਿਰ ਨੇ। ਪੂਰੇ ਮੁਲਕ ਨੂੰ ਜਗਾ ਦਿੱਤਾ ਏਸ ਲਹਿਰ ਨੇ।
ਲਹਿਰ ਚੇਤਨਾ ਦਾ ਚਿੰਨ੍ਹ ਏ। ਹਰ ਲਹਿਰ ਨਵੀਂ ਚੇਤਨਾ ਲੈ ਕੇ ਆਉਂਦੀ ਏ। ਹਰ ਜੀਉਂਦੇ ਜੀਅ ਅੰਦਰ ਚੇਤਨਾ ਜਗਾਉਂਦੀ ਏ। ਚੇਤਨਾ ਦੀਆਂ ਜੜ੍ਹਾਂ ਖੱਬਲ ਘਾਹ ਵਾਂਗ ਕਦੇ ਜਾਂਦੀਆਂ ਨਹੀਂ। ਮੁੜ ਮੁੜ ਪੁੰਗਰਦੀਆਂ ਨੇ। ਥਾਂ ਥਾਂ ਪੁੰਗਰਦੀਆਂ ਨੇ। ਜਾਗਤ ਮਨ ਅੰਦਰ ਪੁੰਗਰਦੀਆਂ ਨੇ।
ਗਦਰ ਲਹਿਰ ਨੇ ਵੱਡੀ ਚੇਤਨਾ ਔਰਤ ਅੰਦਰ, ਭਾਰਤੀ ਔਰਤ ਅੰਦਰ; ਪੰਜਾਬੀ ਔਰਤ ਅੰਦਰ ਜਗਾਈ। ਏਸ ਮਾਨਸਿਕ ਕ੍ਰਾਂਤੀ ਨੇ ਸਮਾਜੀ-ਰਾਜਸੀ-ਸਭਿਆਚਾਰੀ ਕ੍ਰਾਂਤੀ ਨੂੰ ਜਨਮ ਦਿੱਤਾ। ਔਰਤ ਜਦੋਂ ਚੇਤਨ ਹੁੰਦੀ ਏ ਤਾਂ ਮਾਈ ਭਾਗੋ ਹੁੰਦੀ ਏ, ਦੁਰਗਾ ਹੁੰਦੀ ਏ; ਬੀਬੀ ਗੁਲਾਬ ਕੌਰ ਹੁੰਦੀ ਏ! ਇਹ ਗੁਲਾਬ ਕੌਰ ਜਦੋਂ ਕਾਵਿ-ਸਾਹਿਤ ਦੇ ਪੰਨਿਆਂ 'ਤੇ ਆਉਂਦੀ ਏ ਤਾਂ ਗਦਰ ਦਾ ਚਿੰਨ੍ਹ ਹੋ ਜਾਂਦੀ ਏ। ਨਾਟ-ਸਾਹਿਤ ਵਿਚ ਆਉਂਦੀ ਏ ਤਾਂ ਗੁਲਾਬ ਦਾ ਰੂਪਕ ਹੋ ਜਾਂਦੀ ਏ। ਕੇਹਾ ਮੇਲ, ਨਿਖੇੜ; ਟਕਰਾ ਏ ਗਦਰ ਤੇ ਗੁਲਾਬ ਦਾ। ਰੋਹ ਤੇ ਮਹਿਕ ਦਾ। ਬੀਰ-ਰਸ ਤੇ ਸ਼ਾਂਤ-ਰਸ ਦਾ! ਗੁਲਾਬ ਕੌਰ ਇਕੇ ਵੇਲੇ ਕਿੰਨੀਆਂ ਪਰਤਾਂ ਵਿਚ ਜੀਉਂਦੀ ਏ!
ਗੁਲਾਬ ਕੌਰ ਓਦੋਂ ਗਦਰ ਦਾ ਰੂਪ ਹੋ ਜਾਂਦੀ ਏ ਜਦੋਂ ਚੂੜੀਆਂ ਮਰਦਾਂ ਵੱਲ ਵਗਾਹਕੇ ਮਾਰਦੀ ਏ। ਫੌਲਾਦ ਹੋ ਜਾਂਦੀ ਏ ਜਦੋਂ ਦੋਹਾਂ ਬਾਹਾਂ ਵਿਚ ਦੋ ਕੜੇ ਪਾਉਂਦੀ ਏ। ਗੁਲਾਬ ਹੋ ਜਾਂਦੀ ਏ ਜਦੋਂ ਪਛਾਣ ਛੁਪਾਉਣ ਲਈ ਪਤਨੀ ਦਾ ਭੇਸ ਧਾਰਦੀ ਏ। ਰੂਪੋਸ਼ ਗਦਰੀਆਂ ਦੇ ਸੁਨੇਹੇ ਟੋਕਰੀ 'ਚ ਲੁਕਾਕੇ ਪੁਚਾਉਂਦੀ ਏ। ਇਨਕਲਾਬ, ਗਦਰ; ਆਜ਼ਾਦੀ ਦਾ ਹੋਕਾ ਦੂਰ ਦੂਰ ਤੱਕ ਲੈ ਕੇ ਜਾਂਦੀ ਏ।
ਗਦਰ ਲਹਿਰ ਦਾ ਇਤਿਹਾਸ ਗਦਰੀ ਬਾਬਿਆਂ ਦਾ ਸਿਰੜ ਏ। ਗਦਰ ਪਾਰਟੀ ਦਾ ਹੋਕਾ ਏ। ਗਦਰ ਕਾਵਿ ਦਾ ਪਰਾਗਾ ਏ। ਸ਼ਬਦੀਸ਼ ਨੇ ਇਹਨੂੰ ਇਕੱਠਾ ਕਰਕੇ, ਪੜ੍ਹਕੇ; ਘੋਖਕੇ ਨਾਟਕ ਲਿਖਿਆ ਏ: "ਖਿੜਦੇ ਰਹਿਣ ਗੁਲਾਬ"। ਇਹਦੀ ਕੇਂਦਰੀ-ਪਾਤਰ ਏ ਦਲੇਰ ਗਦਰੀ ਪੰਜਾਬਣ ਬੀਬੀ ਗੁਲਾਬ ਕੌਰ। ਸ਼ਬਦੀਸ਼ ਨੇ ਗਦਰ ਲਹਿਰ ਦਾ ਇਕ ਮਹੱਤਵੀ ਟੁਕੜਾ ਚੁਣਕੇ ਇਸ ਸਜੀਵੀ ਪਾਤਰ ਨੂੰ ਮੁੜ-